**ਦਫਤਰ:-ਡਾਇਰੈਕਟਰ ਸਿਖਿਆ ਵਿਭਾਗ (ਐ:ਸਿ:) ਐਸ.ਏ.ਐਸ. ਨਗਰ**

**(ਸੇਵਾਵਾਂ ਪ੍ਰਾਇਮਰੀ ਸ਼ਾਖਾ)**

**ਹੁਕਮ ਨੰਬਰ:-04/04-2018-ਸੇਵਾਵਾਂ ਪ੍ਰਾਇਮਰੀ (4)**
**ਮਿਤੀ ਐਸ.ਏ.ਐਸ. ਨਗਰ:- 30/04/2018**

ਇਸ ਦਫਤਰ ਦੇ ਧਿਆਨ ਵਿਚ ਆਇਆ ਹੈ ਕਿ ਰਾਜ ਵਿਚ ਕੰਮ ਕਰ ਰਹੇ ਬਲਾਕ ਪ੍ਰਾਇਮਰੀ ਸਿਖਿਆ ਅਫਸਰਾਂ ਵਲੋਂ " ਪੜ੍ਹੋ ਪੰਜਾਬ,ਪੜ੍ਹਾਓ ਪੰਜਾਬ " ਪ੍ਰੋਜੈਕਟ ਦੀ ਮਿਥੇ ਗਏ ਟੀਚਿਆਂ ਨੂੰ ਮੁਕੰਮਲ ਕਰਵਾਉਣ ਲਈ ਅਣਗਹਿਲੀ/ ਊਣਤਾਈਆਂ/ਬੇਨਿਯਮੀਆਂ ਵਰਤੀਆਂ ਜਾਂਦੀਆਂ ਹਨ, ਜਿਸ ਕਰਕੇ ਉਹਨਾਂ ਦੇ ਬਲਾਕ ਦਾ ਇਸ ਪ੍ਰੋਜੈਕਟ ਦੇ ਨਤੀਜਿਆਂ ਵਿਚ ਗਿਰਾਵਟ ਆਉਂਦੀ ਹੈ। ਇਹਨਾਂ ਮਾਮਲਿਆਂ ਵਿਚ ਦੋਸ਼ੀ ਪਾਏ ਜਾਂਦੇ ਬੀ.ਪੀ.ਈ.ਓਜ਼ ਵਿਰੁੱਧ ਪੰਜਾਬ ਸਿਵਲ ਸੇਵਾਵਾਂ (ਸਜ਼ਾ ਅਤੇ ਅਪੀਲ) ਰੂਲਜ਼ 1970 ਦੇ ਨਿਯਮਾਂ ਅਨੁਸਾਰ ਬਣਦੀ ਕਾਰਵਾਈ ਕਰਨ ਲਈ ਡਾਇਰੈਕਟਰ ਸਿਖਿਆ ਵਿਭਾਗ (ਐ:ਸਿ:) ਪੰਜਾਬ, ਅਜੀਤਗੜ੍ਹ ਨੂੰ ਲਿਖਣ ਅਤੇ ਕਾਰਵਾਈ ਕਰਦਿਆਂ ਵਾਧੂ ਦਾ ਸਮਾਂ ਨਸ਼ਟ ਹੋ ਜਾਂਦਾ ਹੈ। ਜਿਸ ਦੇ ਨਾਲ ਵਿਭਾਗ ਦਾ ਅਕਸ ਵਿਗੜਦਾ ਹੈ।

ਐਲੀਮੈਂਟਰੀ ਵਿੰਗ ਅਧੀਨ ਕੰਮ ਕਰਦੇ ਬੀ.ਪੀ.ਈ.ਓਜ਼ ਵਿਰੁੱਧ ਪੰਜਾਬ ਸਿਵਲ ਸੇਵਾਵਾਂ (ਸਜਾ ਅਤੇ ਅਪੀਲ) ਰੂਲਜ਼ 1970 ਅਨੁਸਾਰ ਕਾਰਵਾਈ ਕਰਨ ਲਈ ਇਸ ਵੇਲੇ ਕੇਵਲ ਡਾਇਰੈਕਟਰ ਸਿਖਿਆ ਵਿਭਾਗ (ਐ:ਸਿ:) ਹੀ ਸਮਰੱਥ ਅਧਿਕਾਰੀ ਹਨ।

ਉਪਰੋਕਤ ਪੇਸ਼ ਆ ਰਹੀ ਮੁਸ਼ਕਲ ਨੂੰ ਧਿਆਨ ਵਿਚ ਰੱਖਦੇ ਹੋਏ ਦੋਸ਼ੀ ਪਾਏ ਗਏ ਬੀ.ਪੀ.ਈ.ਓਜ਼ ਵਿਰੁੱਧ ਪੰਜਾਬ ਸਿਵਲ ਸੇਵਾਵਾਂ (ਸਜ਼ਾ ਅਤੇ ਅਪੀਲ) ਰੂਲਜ਼ 1970 ਦੇ ਨਿਯਮ 10 ਅਧੀਨ ਕਾਰਨ ਦੱਸੋ ਨੋਟਿਸ ਜਾਰੀ ਕਰਨ ਲਈ ਰਾਜ ਦੇ ਸਮੂਹ ਜਿਲ੍ਹਾ ਸਿਖਿਆ ਅਫਸਰ (ਐ:ਸਿ:/ਸੈ:ਸਿ:) ਕੇਵਲ ਨਿਯਮਾਂ ਅਨੁਸਾਰ ਕਾਰਨ ਦੱਸੋ ਨੋਟਿਸ ਹੀ ਜਾਰੀ ਕਰਨ ਲਈ ਪਾਵਰਾਂ ਡੈਲੀਗੇਟ ਕੀਤੀਆਂ ਜਾਂਦੀਆਂ ਹਨ। ਸਬੰਧਤ ਜਿਲ੍ਹਾ ਸਿਖਿਆ ਅਫਸਰ (ਐ:ਸਿ:/ਸੈ:ਸਿ:) ਦੋਸ਼ੀ ਬੀ.ਪੀ.ਈ.ਓ. ਵਿਰੁੱਧ ਤੁਰੰਤ ਅਸਰ ਨਾਲ ਕਾਰਨ ਦੱਸੋ ਨੋਟਿਸ ਜਾਰੀ ਕਰਕੇ ਕਾਪੀ ਤੁਰੰਤ ਡਾਇਰੈਕਟਰ ਸਿਖਿਆ ਵਿਭਾਗ (ਐ:ਸਿ:) ਪੰਜਾਬ, ਐਸ.ਏ.ਐਸ. ਨਗਰ ਨੂੰ ਨਿਯਮਾਂ ਅਨੁਸਾਰ ਬਣਦੀ ਅਗਲੇਰੀ ਕਾਰਵਾਈ ਲਈ ਭੇਜਣਗੇ। ਉਸ ਉਪਰੰਤ ਨਿਯਮਾਂ ਅਨੁਸਾਰ ਬਣਦੀ ਸਮੁੱਚੀ ਕਾਰਵਾਈ ਮੁੱਖ ਦਫਤਰ ਵਲੋਂ ਹੀ ਕੀਤੀ ਜਾਵੇਗੀ।

ਇਹ ਹੁਕਮ ਤਤਕਾਲ ਲਾਗੂ ਹੋਣਗੇ।

**ਇੰਦਰਜੀਤ ਸਿੰਘ**
**ਡਾਇਰੈਕਟਰ ਸਿਖਿਆ ਵਿਭਾਗ(ਐ:ਸਿ:)ਪੰਜਾਬ**

**ਪਿੱਠ ਅੰਕਣ ਨੰਬਰ:-ਉਕਤ** 549-51
**ਮਿਤੀ ਮੋਹਾਲੀ:-** 30.5.18

**ਉਤਾਰਾ ਹੇਠ ਲਿਖਿਆ ਨੂੰ ਸੂਚਨਾਂ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-**

1. ਰਾਜ ਦੇ ਸਮੂਹ ਜਿਲ੍ਹਾ ਸਿਖਿਆ ਅਫਸਰ (ਐ:ਸਿ:)।
2. ਰਾਜ ਦੇ ਸਮੂਹ ਜਿਲ੍ਹਾ ਸਿਖਿਆ ਅਫਸਰ (ਸੈ:ਸਿ:)।
3. ਰਾਜ ਦੇ ਸਮੂਹ ਜਿਲ੍ਹਿਆਂ ਦੇ ਬਲਾਕ ਪ੍ਰਾਇਮਰੀ ਸਿਖਿਆ ਆਫੀਸਰਜ਼।

30/4/18

**ਸਹਾਇਕ ਡਾਇਰੈਕਟਰ (ਸੇਵਾਵਾ ਪ੍ਰਾਇਮਰੀ)**